Punjabi | ਪੰਜਾਬੀ

Australian Government
Aged Care Quality and Safety Commission

Engage
Empower
Safeguard

ਕੀ ਕਿਸੇ ਬਜ਼ੁਰਗਾਂ ਦੀ ਦੇਖਭਾਲ ਵਾਲੇ ਪ੍ਰਦਾਤੇ, ਕਰਮਚਾਰੀ ਜਾਂ ਜ਼ਿੰਮੇਵਾਰ ਵਿਅਕਤੀ ਬਾਰੇ ਤੁਹਾਡੀਆਂ ਕੋਈ ਚਿੰਤਾਵਾਂ ਹਨ?

ਤੁਸੀਂ ਇਸ ਬਾਰੇ ਕੁਝ ਕਰ ਸਕਦੇ ਹੋ। ਜੇ ਤੁਹਾਨੂੰ ਬਜ਼ੁਰਗਾਂ ਦੀ ਦੇਖਭਾਲ ਬਾਰੇ ਚਿੰਤਾਵਾਂ ਹਨ, ਜੋ ਤੁਸੀਂ ਜਾਂ ਕੋਈ ਹੋਰ ਪ੍ਰਾਪਤ ਕਰ ਰਹੇ ਹੋ, ਤਾਂ ਤੁਸੀਂ ਇਨ੍ਹਾਂ ਬਾਰੇ ਆਪਣੇ ਪ੍ਰਦਾਤੇ ਜਾਂ ਸਾਡੇ ਨਾਲ ਗੱਲ ਕਰ ਸਕਦੇ ਹੋ।

ਤੁਹਾਡੇ ਕੋਲ ਸ਼ਿਕਾਇਤ ਕਰਨ ਦਾ ਅਧਿਕਾਰ ਹੈ। ਅਸੀਂ ਤੁਹਾਨੂੰ ਆਪਣੀਆਂ ਚਿੰਤਾਵਾਂ ਦੱਸਣ ਜਾਂ ਪਹਿਲਾਂ ਆਪਣੇ ਪ੍ਰਦਾਤੇ ਨੂੰ ਸ਼ਿਕਾਇਤ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਇਹ ਅਕਸਰ ਕਿਸੇ ਸ਼ਿਕਾਇਤ ਨੂੰ ਹੱਲ ਕਰਨ ਦਾ ਸਭ ਤੋਂ ਸੌਖਾ ਅਤੇ ਤੇਜ਼ ਤਰੀਕਾ ਹੁੰਦਾ ਹੈ, ਅਤੇ ਇਹ ਤੁਹਾਡੇ ਪ੍ਰਦਾਤੇ ਨੂੰ ਉਨ੍ਹਾਂ ਦੀ ਸੇਵਾ ਵਿੱਚ ਸੁਧਾਰ ਕਰਨ ਦਾ ਮੌਕਾ ਦਿੰਦਾ ਹੈ। ਸ਼ਿਕਾਇਤ ਕਰਨਾ ਅਸਹਿਜ ਜਾਂ ਗ਼ਲਤ ਮਹਿਸੂਸ ਨਹੀਂ ਹੋਣਾ ਚਾਹੀਦਾ।

ਇਸ ਸੇਵਾ ਦੇ ਅੰਦਰ ਤੁਹਾਡਾ ਸਥਾਨਕ ਸੰਪਰਕ ਹੈ:

ਜੇ ਤੁਸੀਂ ਅਜਿਹਾ ਕਰਨ ਵਿੱਚ ਸਹਿਜ ਮਹਿਸੂਸ ਨਹੀਂ ਕਰਦੇ, ਜਾਂ ਜੇ ਤੁਹਾਨੂੰ ਆਪਣੇ ਪ੍ਰਦਾਤੇ ਦੁਆਰਾ ਕਿਸੇ ਸ਼ਿਕਾਇਤ ਦਾ ਹੱਲ ਕਰਨ ਵਿੱਚ ਮੁਸ਼ਕਿਲ ਆ ਰਹੀ ਹੈ, ਤਾਂ ਕਿਰਪਾ ਕਰਕੇ ਮੁਫ਼ਤ ਸਲਾਹ ਜਾਂ ਮਦਦ ਲਈ **1800 951 822 'ਤੇ ਏਜਡ ਕੇਅਰ ਕੁਆਲਿਟੀ ਐਂਡ ਸੇਫ਼ਟੀ ਕਮਿਸ਼ਨ** ਨਾਲ ਸੰਪਰਕ ਕਰੋ। ਤੁਸੀਂ ਕਿਸੇ ਬਜ਼ੁਰਗਾਂ ਦੀ ਦੇਖਭਾਲ ਪ੍ਰਦਾਤੇ, ਕਰਮਚਾਰੀ, ਜਾਂ ਜ਼ਿੰਮੇਵਾਰ ਵਿਅਕਤੀ ਬਾਰੇ ਸਾਨੂੰ ਸ਼ਿਕਾਇਤ ਕਰ ਸਕਦੇ ਹੋ, ਜਾਂ ਸੁਝਾਅ ਪ੍ਰਦਾਨ ਕਰ ਸਕਦੇ ਹੋ। ਸੁਝਾਅ ਪ੍ਰਦਾਨ ਕਰਨਾ ਸਾਨੂੰ ਤੁਹਾਡੀਆਂ ਚਿੰਤਾਵਾਂ ਬਾਰੇ ਦੱਸਣ ਦਾ ਇੱਕ ਤਰੀਕਾ ਹੈ, ਬਿਨਾਂ ਇਸ ਵਿੱਚ ਤੁਹਾਡੇ ਸ਼ਾਮਲ ਹੋਏ ਕਿ ਅਸੀਂ ਇਸ ਨਾਲ ਕਿਵੇਂ ਨਜਿੱਠਦੇ ਹਾਂ। ਜੇ ਤੁਸੀਂ ਚਾਹੋ ਤਾਂ ਤੁਸੀਂ ਆਪਣੀਆਂ ਚਿੰਤਾਵਾਂ ਨੂੰ ਗੁੰਮਨਾਮ ਜਾਂ ਗੁਪਤ ਰੂਪ ਵਿੱਚ ਸਾਂਝਾ ਕਰ ਸਕਦੇ ਹੋ।

ਜੇ ਤੁਸੀਂ ਆਪਣੀ ਚਿੰਤਾ ਨੂੰ ਦੱਸਣ ਲਈ ਸਹਾਇਤਾ ਚਾਹੁੰਦੇ ਹੋ, ਤਾਂ ਇੱਕ ਮੁਫ਼ਤ ਵਕਾਲਤੀ ਮਦਦ ਕਰਨ ਦੇ ਯੋਗ ਹੋ ਸਕਦਾ ਹੈ। ਓਲਡਰ ਪਰਸਨਜ਼ ਐਡਵੋਕੇਸੀ ਨੈਟਵਰਕ (OPAN) ਨੂੰ ਉਨ੍ਹਾਂ ਦੀ ਏਜਡ ਕੇਅਰ ਐਡਵੋਕੇਸੀ ਲਾਈਨ 'ਤੇ **1800 700 600** 'ਤੇ ਫ਼ੋਨ ਕਰੋ।

ਜੇ ਸਾਡੇ ਨਾਲ ਗੱਲ ਕਰਨ ਲਈ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਅਨੁਵਾਦ ਅਤੇ ਦੁਭਾਸ਼ੀਆ ਸੇਵਾ ਨੂੰ **131 450** 'ਤੇ ਫ਼ੋਨ ਕਰੋ।

ਫ਼ੋਨ
1800 951 822

ਈਮੇਲ
info@agedcarequality.gov.au

ਵੈੱਬ
agedcarequality.gov.au

ਚਿੱਠੀ ਭੇਜੋ
ਤੁਹਾਡੇ ਰਾਜਧਾਨੀ ਸ਼ਹਿਰ ਵਿੱਚ Aged Care Quality and Safety Commission, GPO Box 9819